9

# ਬਾਈਬਲ ਮੁਤਾਬਕ ਬਪਤਿਸਮਾ

ਬਪਤਿਸਮਾ ਨਵੇਂ ਨੇਮ ਦੇ ਮਹਾਨ ਵਿਸ਼ਿਆਂ ਵਿੱਚੋਂ ਇਕ ਵਿਸ਼ਾ ਹੈ। ਨਵੇਂ ਨੇਮ ਵਿਚ ''ਬਪਤਿਸਮਾ'' ਸ਼ਬਦ ਦਾ ਇਸ ਦੇ ਵੱਖੋ-ਵੱਖ ਰੂਪਾਂ ਵਿਚ ਸੌ ਤੋਂ ਵੱਧ ਵਾਰ ਜ਼ਿਕਰ ਆਇਆ ਹੈ। ਪਰ ਧਾਰਮਿਕ ਜਗਤ ਵਿਚ ਇਸ ਵਿਸ਼ੇ 'ਤੇ ਕਾਫ਼ੀ ਉਲਝਣ ਪਾਈ ਜਾਂਦੀ ਹੈ। ਅਸਲ ਵਿਚ ਬਾਈਬਲ ਮੁਤਾਬਕ ਇਹ ਕੀ ਹੈ?

## ਬਪਤਿਸਮਾ ਕੀ ਹੈ?

ਬਪਤਿਸਮੇ ਦਾ ਸਾਡਾ ਅਧਿਐਨ ਇਸ ਸਵਾਲ ਨਾਲ ਸ਼ੁਰੂ ਹੋਣਾ ਚਾਹੀਦਾ ਹੈ ਕਿ ''ਬਪਤਿਸਮਾ ਕੀ ਹੈ?'' ਭਾਵ, ਬਪਤਿਸਮਾ, ਡੁਬਕੀ ਨਾਲ, ਛਿੱਟੇ ਨਾਲ ਜਾਂ ਪਾਣੀ ਡੋਬ ਕੇ ਦਿੱਤਾ ਜਾਂਦਾ ਹੈ? ਕੀ ''ਬਪਤਿਸਮਾ'' ਸ਼ਬਦ ਦਾ ਅਰਥ ਇਨ੍ਹਾਂ ਤਿੰਨਾਂ ਕੰਮਾਂ ਵਿੱਚੋਂ ਇਕ ਹੀ ਹੋ ਸਕਦਾ ਹੈ? ਲੰਮੇ ਸਮੇਂ ਤੋਂ ਇਹ ਬਹਿਸ ਦਾ ਮੁੱਦਾ ਬਣਿਆ ਹੋਇਆ ਹੈ, ਪਰ ਲਗਦਾ ਹੈ ਕਿ ਨਵੇਂ ਨੇਮ ਦੇ ਲਿਖੇ ਜਾਣ ਦੇ ਦਿਨਾਂ ਵਿਚ ਇਸ 'ਤੇ ਕੋਈ ਝਗੜਾ ਨਹੀਂ ਸੀ। ਉਸ ਸਮੇਂ ਬਹੁਤ ਸਾਰੇ ਝਗੜੇ ਸਨ ਅਤੇ ਉਨ੍ਹਾਂ ਦਾ ਜ਼ਿਕਰ ਬਾਈਬਲ 'ਚ ਮਿਲਦਾ ਹੈ, ਪਰ ''ਬਪਤਿਸਮਾ'' ਸ਼ਬਦ ਦੇ ਅਰਥ 'ਤੇ ਕਿਸੇ ਝਗੜੇ ਦਾ ਕੋਈ ਸੰਕੇਤ ਨਹੀਂ ਮਿਲਦਾ।

### ਸ਼ਬਦਾਂ ਰਾਹੀਂ ਪਰਿਭਾਸ਼ਾ

''ਬਪਤਿਸਮਾ ਦੇਣਾ'' ਯੂਨਾਨੀ ਸ਼ਬਦ ਦਾ ਪੰਜਾਬੀ ਰੂਪ ਹੈ। ਇਹਦਾ ਮੁੱਖ ਅਰਥ ''ਡੁਬਕੀ ਦੇਣਾ'' ਹੈ ਅਤੇ ਇਹ ਗ੍ਰੀਕ ਲੈਕਸੀਕਨ ਭਾਵ ਯੂਨਾਨੀ ਸ਼ਬਦਾਂ ਦੀ ਪਰਿਭਾਸ਼ਾ ਦੇਣ ਵਾਲੇ ਸ਼ਬਦਕੋਸ਼ 'ਚੋਂ ਪਤਾ ਲਾਇਆ ਜਾ ਸਕਦਾ ਹੈ। (ਇਸ ਯੂਨਾਨੀ ਸ਼ਬਦ ਦੇ ਪਹਿਲੀ ਸਦੀ ਦੀ ਵਰਤੋਂ ਨੂੰ ਜਾਣਨ ਲਈ ਸਾਨੂੰ ਅੰਗ੍ਰੇਜ਼ੀ ਜਾਂ ਪੰਜਾਬੀ ਦੇ ਸ਼ਬਦਕੋਸ਼ ਵਿੱਚੋਂ ''ਬਪਤਿਸਮਾ ਦੇਣਾ'' ਜਾਂ ਬਪਤਿਸਮਾ ਸ਼ਬਦ ਦਾ ਅਰਥ ਨਹੀਂ ਲੱਭ ਸਕਦਾ)।

ਇਕ ਯੂਨਾਨੀ ਸ਼ਬਦ ਹੈ ਜਿਸ ਦਾ ਅਰਥ ਹੈ ''ਤਰੌਂਕਣਾ''; ਇਹਦਾ ਅੰਗ੍ਰੇਜ਼ੀ ਰੂਪ ਹੈ *rantize***.** ਇਸੇ ਤਰ੍ਹਾਂ ''ਡੋਲ੍ਹਣਾ'' ਦੇ ਅਰਥ ਵਾਲਾ ਯੂਨਾਨੀ ਸ਼ਬਦ *cheo* ਹੈ ਜੋ ਅੰਗ੍ਰੇਜ਼ੀ ਵਿਚ ''*to pour*'' ਹੈ। ਲੇਵੀਆਂ ਦੀ ਪੋਥੀ 14:15, 16 ਦੇ ਸਪਤਤੀ ਅਨੁਵਾਦ ਵਿਚ ਇਹ ਸੌਖੇ ਸ਼ਬਦ ਪਾਏ ਜਾਂਦੇ ਹਨ। ਯਾਜਕ ਨੇ ਆਪਣੇ ਹੱਥ ਵਿਚ ਤੇਲ ਭਰਨਾ ਹੁੰਦਾ ਸੀ ਅਤੇ ਤੇਲ ਵਿਚ ਆਪਣੇ ਸੱਜੇ ਹੱਥ ਦੀ ਉਂਗਲੀ ਡੋਬਣੀ ਹੁੰਦੀ ਸੀ। ਫਿਰ ਓਸੇ ਤੇਲ ਨੂੰ ਤਰੌਂਕਣਾ ਹੁੰਦਾ ਸੀ। ਇੱਥੇ ਸਾਨੂੰ ਇਹ ਤਿੰਨ ਸ਼ਬਦ ਇਨ੍ਹਾਂ ਦੋ ਆਇਤਾਂ ਵਿਚ ਮਿਲਦੇ ਹਨ ਅਤੇ ਜਿਸ ਸ਼ਬਦ ਦਾ ਅਨੁਵਾਦ

''ਡੁਬਕੀ'' ਹੋਇਆ ਹੈ ਉਹ ਓਸੇ ਸ਼ਬਦ ਦਾ ਮੂਲ ਰੂਪ ਹੈ ਜਿਸ ਤੋਂ ਸਾਨੂੰ ''ਬਪਤਿਸਮਾ ਦੇਣਾ'' ਮਿਲਿਆ ਹੈ। ਇਹੀ ਗੱਲ 2 ਰਾਜਿਆਂ 5:14 ਵਿਚ ਲਾਗੂ ਹੁੰਦੀ ਹੈ, ਜਿਸ ਵਿਚ ਨਾਮਾਨ ਵੱਲੋਂ ਡੁਬਕੀ ਲਾਉਣ ਦੀ ਗੱਲ ਕਹੀ ਗਈ ਹੈ। ਲਗਦਾ ਹੈ ਚੇਲਿਆਂ ਦੇ ਸਮੇਂ ''ਬਪਤਿਸਮਾ ਦੇਣਾ'' ਸ਼ਬਦ ਨੂੰ ਆਮ ਲੋਕ ਜਾਣਦੇ ਸਨ ਅਤੇ ਇਹਦੇ ਅਰਥਾਂ 'ਤੇ ਕੋਈ ਝਗੜਾ ਨਹੀਂ ਸੀ। ਮੈਂ ਇਸ ਗੱਲ ਤੋਂ ਕਾਇਲ ਹਾਂ ਕਿ ਯੂਨਾਨੀ ਭਾਸ਼ਾ ਤੋਂ ਬਿਲਕੁਲ ਅਨਜਾਣ, ਜਿਸ ਵਿਚ ਨਵਾਂ ਨੇਮ ਲਿਖਿਆ ਗਿਆ ਸੀ, ਵੀ ਆਪਣੀ ਬਾਈਬਲ ਵਿੱਚੋਂ ਜਾਣ ਸਕਦਾ ਹੈ ਕਿ ਜਿੱਥੇ ਬਪਤਿਸਮਾ ਸ਼ਬਦ ਦਾ ਜ਼ਿਕਰ ਹੈ ਉੱਥੇ ਉਹਦਾ ਅਰਥ ਕੀ ਹੈ।

**ਹਾਲਾਤ ਤੋਂ ਪਰਿਭਾਸ਼ਾ**

ਕਈ ਹਵਾਲੇ ਪੜ੍ਹਨ 'ਤੇ ਸਾਨੂੰ ਪਤਾ ਚਲਦਾ ਹੈ ਕਿ ਬਪਤਿਸਮੇ ਲਈ ਜੋ ਥਾਂ ਚੁਣੀ ਜਾਂਦੀ ਸੀ ਉਹ ਦਰਿਆ ਕੰਢਾ ਜਾਂ ਕੋਈ ਅਜਿਹੀ ਥਾਂ ਹੁੰਦੀ ਸੀ ਜਿੱਥੇ ''ਬਹੁਤ ਪਾਣੀ'' ਹੋਵੇ (ਮੱਤੀ 3:6; ਯੂਹੰਨਾ 3:23)। ਬਪਤਿਸਮਾ ਲੈਣ ਤੋਂ ਪਹਿਲਾਂ, ਸੌਲੁਸ ਨੂੰ ਬਪਤਿਸਮਾ ਲੈਣ ਲਈ ਤਿਆਰ ਹੋਣ ਲਈ ਉੱਠਣ ਨੂੰ ਕਿਹਾ ਗਿਆ ਸੀ (ਰਸੂਲਾਂ ਦੇ ਕੰਮ 22:16)। ਇਥੋਪੀਆ ਦੇ ਅਧਿਕਾਰੀ ਦੇ ਬਪਤਿਸਮੇ ਵੇਲੇ, ਪ੍ਰਚਾਰਕ ਅਤੇ ਬਪਤਿਸਮਾ ਲੈਣ ਵਾਲਾ, ਦੋਵੇਂ ਬਪਤਿਸਮੇ ਤੋਂ ਪਹਿਲਾਂ ਪਾਣੀ ਵਿਚ ਉਤਰੇ ਸਨ (ਰਸੂਲਾਂ ਦੇ ਕੰਮ 8:38)। ਉਹਦਾ ਬਪਤਿਸਮਾ ਉਨ੍ਹਾਂ ਦੇ ਪਾਣੀ ਵਿਚ ਰਹਿੰਦਿਆਂ ਹੀ ਹੋਇਆ ਸੀ।

ਖ਼ੁਦਾ ਦੀ ਪ੍ਰੇਰਣਾ ਪਾਏ ਪਹਿਲੀ ਸਦੀ ਦੇ ਲੋਕ ਯਕੀਨਨ ਹੀ ਵਿਵੇਕੀ ਸਨ ਅਤੇ ਉਨ੍ਹਾਂ ਦੇ ਕੰਮ ਵੀ ਸੋਚ ਸਮਝ ਕੇ ਕੀਤੇ ਗਏ ਸਨ। ਜੇ ਬਪਤਿਸਮੇ ਵਿਚ ਕੀਤੇ ਜਾਣ ਵਾਲਾ ਕੰਮ ਛੱਟਾ ਤਰੌਂਕਾ ਦੇਣਾ ਜਾਂ ਡੋਲ੍ਹਣਾ ਹੁੰਦਾ ਤਾਂ ਇਹਦਾ ਮਤਲਬ ਇਹ ਹੋਣਾ ਸੀ ਕਿ ਉਹ ਵਿਵੇਕ ਨਾਲ ਕੰਮ ਨਹੀਂ ਕਰ ਰਹੇ। ਦਰਿਆ ਜਾਂ ਟੋਭੇ ਵਿਚ ਗਏ ਬਗ਼ੈਰ ਛੱਟਾ ਜਾਂ ਡੋਲ੍ਹਣਾ ਸੌਖਾ ਹੋਣਾ ਸੀ। ਅਸਲ 'ਚ, ਬਪਤਿਸਮੇ ਲਈ ਜੇ ਛੱਟਾ ਹੀ ਹੁੰਦਾ ਤਾਂ ਪਾਣੀ 'ਚ ਜਾਣ ਦੀ ਲੋੜ ਨਹੀਂ ਸੀ ਹੋਣੀ। ਇਹਦੇ ਉਲਟ ਡੁਬਕੀ ਲਈ ਇਹਦੀ ਲੋੜ ਹੁੰਦੀ ਹੈ। ਜੇ ਬਪਤਿਸਮੇ ਲਈ ਡੁਬਕੀ ਜ਼ਰੂਰੀ ਸੀ ਤਾਂ ਕਿਸੇ ਅਜਿਹੀ ਜਗ੍ਹਾ ਨੂੰ ਚੁਣਨਾ ਜਿੱਥੇ ''ਬਹੁਤ ਪਾਣੀ'' ਹੋਵੇ, ਅਤੇ ਪ੍ਰਚਾਰਕ ਅਤੇ ਬਪਤਿਸਮਾ ਲੈਣ ਵਾਲਾ ਦੋਵੇਂ ਪਾਣੀ ਵਿਚ ਜਾ ਸਕਣ, ਬਿਲਕੁਲ ਸੁਭਾਵਿਕ ਹੋਵੇਗਾ। ਅਸੀਂ ਇਹ ਮੰਨਦੇ ਹਾਂ ਕਿ ਇਨ੍ਹਾਂ ਨੇ ਸੂਝ ਨਾਲ ਕੰਮ ਕੀਤਾ, ਇਸ ਲਈ ਤਰਕ-ਸੰਗਤ ਰੂਪ ਵਿਚ ਸਾਨੂੰ ਇਹ ਨਤੀਜਾ ਕੱਢਣਾ ਹੋਵੇਗਾ ਕਿ ਉਸ ਸਮੇਂ ਬਪਤਿਸਮਾ ਡੁਬਕੀ ਦੇ ਕੇ ਹੀ ਦਿੱਤਾ ਜਾਂਦਾ ਸੀ।

**ਸੰਕੇਤਾਂ ਤੋਂ ਪਰਿਭਾਸ਼ਾ**

ਨਵੇਂ ਨੇਮ ਵਿਚ ਬਪਤਿਸਮੇ ਨਾਲ ਜੁੜੀਆਂ ਕੁਝ ਘਟਨਾਵਾਂ ਸਬੰਧੀ ਟਿੱਪਣੀਆਂ ਕੀਤੀਆਂ ਗਈਆਂ ਹਨ ਜੋ ਇਨ੍ਹਾਂ ਤੱਥਾਂ ਦਾ ਸੰਕੇਤ ਦਿੰਦੀਆਂ ਹਨ। ਇਨ੍ਹਾਂ ਸੰਕੇਤਾਂ ਨੂੰ ਦੇਣ ਦਾ ਲੇਖਕ ਦਾ ਮੁੱਖ ਉਦੇਸ਼ ਬਪਤਿਸਮੇ ਦੀ ਪਰਿਭਾਸ਼ਾ ਦੇਣਾ ਨਹੀਂ ਸੀ। ਪਰ ਉਹਨੇ ਉਹੀ ਕੀਤਾ ਜਿਸ ਨਾਲ ਇਸ ਬਾਰੇ ਯਕੀਨੀ ਤੱਥਾਂ ਨੂੰ ਪ੍ਰਗਟ ਕੀਤਾ ਜਾ ਸਕੇ।

ਯੂਹੰਨਾ 3:5 ਵਿਚ ਯਿਸੂ ਨੇ ਬਪਤਿਸਮੇ ਨੂੰ ਪਾਣੀ ਤੋਂ ਜਨਮ ਲੈਣਾ ਕਿਹਾ। ਜਨਮ ਅਤੇ ਛੱਟਾ ਵਿਚ ਇਕਰੂਪਤਾ ਨਹੀਂ ਹੈ। ਯਿਸੂ ਨੂੰ ''ਮਰੇ ਹੋਇਆਂ ਵਿੱਚੋਂ ਜੀ ਉੱਠਣ ਵਾਲਿਆਂ ਵਿੱਚੋਂ ਪਲੌਠਾ'' (ਕੁਲੁੱਸੀਆਂ 1:18) ਕਿਹਾ ਗਿਆ ਹੈ, ਜਿਸ ਕਰਕੇ ਜੀ ਉੱਠਣ ਦੀ ਤੁਲਨਾ ਜਨਮ

ਨਾਲ ਕਰਨ 'ਤੇ, ਨਿਚੋੜ ਨਿੱਕਲਦਾ ਹੈ ਕਿ ਸਾਡਾ ਜੀ ਉੱਠਣਾ ਪਾਣੀ ਦੀ ਕਬਰ ਵਿੱਚੋਂ ਜਨਮ ਵਾਂਗੂੰ ਹੀ ਹੈ।

ਇਬਰਾਨੀਆਂ ਦੇ ਲੇਖਕ ਨੇ ਸ਼ੁੱਧ ਪਾਣੀ ਨਾਲ ਦੇਹ ਨੂੰ ਧੋਣ ਦੀ ਗੱਲ ਕੀਤੀ ਅਤੇ ਇਹ ਬਪਤਿਸਮੇ ਦੇ ਬਾਰੇ ਹੀ ਹੈ (ਇਬਰਾਨੀਆਂ 10:22)। ਛੱਟੇ ਜਾਂ ਤਰੌਂਕੇ ਨੂੰ ਸਰੀਰ ਦਾ ਧੋਣਾ ਨਹੀਂ ਕਿਹਾ ਜਾ ਸਕਦਾ ਸੀ। ਪਤਰਸ ਨੇ ਆਪਣੇ ਪਾਠਕਾਂ ਨੂੰ ਭਰੋਸਾ ਦੁਆਇਆ ਕਿ ਬਪਤਿਸਮਾ ''ਸਰੀਰ ਦੀ ਮੈਲ ਲਾਹੁਣਾ ਨਹੀਂ ਪਰ ਸ਼ੁੱਧ ਅੰਤਹਕਰਨ ਨਾਲ ਪ੍ਰਮੇਸ਼ਵਰ ਨੂੰ ਭਾਲਣਾ ਹੈ'' (1 ਪਤਰਸ 3:21)। ਪਤਰਸ ਨੇ ਉਨ੍ਹਾਂ ਨੂੰ ਇਹ ਚੇਤਾਵਨੀ ਦੇਣ ਦੀ ਲੋੜ ਸਮਝੀ ਕਿ ਬਪਤਿਸਮਾ ਸਰੀਰ ਦੀ ਮੈਲ ਲਾਹੁਣ ਵਾਸਤੇ ਨਹਾਉਣ ਲਈ ਨਹੀਂ ਹੈ। ਸਾਫ਼ ਹੈ ਕਿ ਉਹਨੂੰ ਡਰ ਸੀ ਕਿ ਲੋਕ ਬਪਤਿਸਮੇ ਦਾ ਅਰਥ ਨਹਾਉਣ ਦੇ ਰੂਪ ਵਿਚ ਲੈ ਸਕਦੇ ਹਨ। ਜੇ ਬਪਤਿਸਮਾ ਸਿਰ ਵਿਚ ਥੋੜ੍ਹਾ ਕੁ ਪਾਣੀ ਤਰੌਂਕ ਦੇਣਾ ਹੁੰਦਾ ਤਾਂ ਇਹ ਚੇਤਾਵਨੀ ਦੇਣ ਦੀ ਲੋੜ ਨਹੀਂ ਸੀ। ਇਹ ਅਤੇ ਹੋਰ ਕਈ ਬਾਕੀ ਸੰਕੇਤ ਯਕੀਨਨ ਹੀ ਬਪਤਿਸਮਾ ਡੁਬਕੀ ਨਾਲ ਹੋਣ ਦਾ ਇਸ਼ਾਰਾ ਕਰਦੇ ਹਨ।

#### ਸਿੱਧੀ ਗਵਾਹੀ ਤੋਂ ਪਰਿਭਾਸ਼ਾ

ਆਓ ਹੁਣ ਕੁਝ ਉਨ੍ਹਾਂ ਤੱਥਾਂ 'ਤੇ ਵਿਚਾਰ ਕਰਦੇ ਹਾਂ ਜਿਨ੍ਹਾਂ 'ਚ ਸਾਫ਼ ਐਲਾਨ ਹੈ ਕਿ ਬਪਤਿਸਮਾ ਕੀ ਹੈ। ਪੌਲੁਸ ਨੇ ਕਿਹਾ ਕਿ ਅਸੀਂ ''ਬਪਤਿਸਮਾ ਲੈਣ ਕਰਕੇ ਉਹਦੇ ਨਾਲ ਦੱਬੇ ਗਏ'' (ਰੋਮੀਆਂ 6:4)। ਕੁਲੁੱਸੀਆਂ 2:12 ਵਿਚ ਉਹਨੇ ਲਿਖਿਆ ਕਿ ''ਬਪਤਿਸਮਾ ਵਿਚ ਉਹਦੇ ਨਾਲ ਦੱਬੇ ਗਏ ਜਿਹਦੇ ਵਿਚ ਪ੍ਰਮੇਸ਼ਵਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸਨੇ ਉਹਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ ਉਹ ਦੇ ਨਾਲ ਉਠਾਏ ਵੀ ਗਏ।''

ਜੇ ਹੋਰ ਕਿਸੇ ਨੇ ਕੋਈ ਅਜਿਹਾ ਵਾਕ ਬਣਾਉਣ ਦਾ ਪ੍ਰਚਾਰ ਕੀਤਾ ਹੁੰਦਾ ਜਿਹੜਾ ਡੁਬਕੀ ਦੀ ਥਾਂ ਲੈ ਸਕਦਾ ਸੀ, ਤਾਂ ਉਹ ਦਫ਼ਨਾਏ ਜਾਣ ਅਤੇ ਜੀ ਉੱਠਣ ਨਾਲੋਂ ਵੱਧ ਸ਼ਬਦਾਂ 'ਚ ਨਹੀਂ ਸਪੱਸ਼ਟ ਕਰ ਸਕਦਾ ਸੀ। ਭਲਾ ਕੋਈ ਆਦਮੀ ਜਿਸ ਦੇ ਸਿਰ 'ਤੇ ਪਾਣੀ ਦੀਆਂ ਕੁਝ ਬੂੰਦਾਂ ਛਿੜਕੀਆਂ ਗਈਆਂ ਹੋਣ, ਉਹ ਕਹਿ ਸਕਦਾ ਹੈ ਕਿ ਉਹ ਮਸੀਹ ਦੇ ਨਾਲ ਦਫ਼ਨਾਇਆ ਗਿਆ ਅਤੇ ਜੀ ਉੱਠਿਆ ਹੈ? ਈਮਾਨਦਾਰੀ ਨਾਲ ਤਾਂ ਉਹ ਨਹੀਂ ਕਹਿ ਸਕਦਾ।

## ਬਪਤਿਸਮਾ ਕਿਹਨੂੰ ਦਿੱਤਾ ਜਾ ਸਕਦਾ ਹੈ?

ਬਪਤਿਸਮਾ ਕਿਹਨੂੰ ਦਿੱਤਾ ਜਾ ਸਕਦਾ ਹੈ? ਇਹ ਬਹੁਤ ਹੀ ਅਹਿਮ ਸਵਾਲ ਹੈ। ਇਹਦਾ ਸਹੀ ਜਵਾਬ ਵੀ ਜ਼ਰੂਰੀ ਹੈ।

#### ਮੁੱਢਲੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਣ

ਬਾਈਬਲ ਵਿਚ ਸਪੱਸ਼ਟ ਕੀਤੇ ਗਏ ਤਿਆਰੀ ਦੇ ਕੁਝ ਕਦਮਾਂ 'ਤੇ ਧਿਆਨ ਦੇ ਕੇ ਅਸੀਂ ਜਾਣ ਸਕਦੇ ਹਾਂ ਕਿ ਬਪਤਿਸਮਾ ਲੈਣ ਲਈ ਸਹੀ ਉਮੀਦਵਾਰ ਕੌਣ ਹੈ। ਯਿਸੂ ਨੇ ਆਪਣੇ ਗ੍ਰੇਟ ਕਮਿਸ਼ਨ (ਮਹਾਨ ਆਗਿਆ) ਵਿਚ ਬਪਤਿਸਮਾ ਦੇਣ ਦਾ ਅਖ਼ਤਿਆਰ ਦਿੱਤਾ। ਮੱਤੀ ਨੇ ਲਿਖਿਆ ਹੈ ਕਿ ਉਸ ਹੁਕਮ ਮੁਤਾਬਕ, ਬਪਤਿਸਮੇ ਤੋਂ ਪਹਿਲਾਂ ਸਿਖਾਉਣਾ ਜ਼ਰੂਰੀ ਹੈ। ਮਰਕੁਸ ਨੇ ਲਿਖਿਆ ਹੈ ਕਿ ਬਪਤਿਸਮੇ ਤੋਂ ਪਹਿਲਾਂ ਵਿਸ਼ਵਾਸ ਹੋਣਾ ਜ਼ਰੂਰੀ ਹੈ। ਲੂਕਾ

ਮੁਤਾਬਕ, ਤੌਬਾ ਬਾਰੇ ਵੀ ਦੱਸਿਆ ਜਾਣਾ ਜ਼ਰੂਰੀ ਹੈ (ਮੱਤੀ 28:19, 20; ਮਰਕੁਸ 16:15, 16; ਲੂਕਾ 24:46, 47)। ਪੈਂਟੀਕਾਸਟ ਵਾਲੇ ਦਿਨ ਪਤਰਸ ਨੇ ਲੋਕਾਂ ਨੂੰ ਬਪਤਿਸਮਾ ਲੈਣ ਤੋਂ ਪਹਿਲਾਂ ਤੌਬਾ ਕਰਨ ਲਈ ਆਖਿਆ ਸੀ (ਰਸੂਲਾਂ ਦੇ ਕੰਮ 2:38)। ਇਸ ਕਰਕੇ ਜਦ ਤਕ ਕਿਸੇ ਸਿਖਾਇਆ ਨਾ ਜਾਵੇ, ਉਹ ਵਿਸ਼ਵਾਸ ਨਾ ਕਰੇ ਅਤੇ ਆਪਣੇ ਪਾਪਾਂ ਤੋਂ ਤੌਬਾ ਨਾ ਕਰੇ ਤਦ ਤਕ ਪ੍ਰਭੂ ਯਿਸੂ ਦੇ ਅਖ਼ਤਿਆਰ ਨਾਲ ਉਹਨੂੰ ਬਪਤਿਸਮਾ ਨਹੀਂ ਦਿੱਤਾ ਜਾ ਸਕਦਾ। ਯਿਸੂ ਦੇ ਅਖ਼ਤਿਆਰ ਨਾਲ ਬਪਤਿਸਮਾ ਸਿਰਫ਼ ਤੌਬਾ ਕਰਨ ਵਾਲੇ ਪਾਪੀ ਨੂੰ ਹੀ ਦਿੱਤਾ ਜਾ ਸਕਦਾ ਹੈ। ''ਨਵ ਜੰਮੇ ਬੱਚਿਆਂ ਨੂੰ ਬਪਤਿਸਮਾ ਦੇਣਾ'' ਉਹਦੇ ਅਖ਼ਤਿਆਰ ਤੋਂ ਬਗ਼ੈਰ ਬਪਤਿਸਮਾ ਦੇਣਾ ਹੈ, ਜਦ ਕਿ ''ਸਾਰਾ ਅਖ਼ਤਿਆਰ'' ਉਹਦੇ ਕੋਲ ਹੈ (ਮੱਤੀ 28:18)। ਅਖੌਤੀ ''ਨਵਜੰਮੇ ਬੱਚਿਆਂ ਦਾ ਬਪਤਿਸਮਾ'' ਐਨਾ ਮਸ਼ਹੂਰ ਕਰ ਦਿੱਤਾ ਗਿਆ ਹੈ ਕਿ ਵਿਸ਼ਵਾਸ ਕਰ ਕੇ ਬਪਤਿਸਮਾ ਲੈਣ ਵਾਲੇ ਸ਼ੱਕ ਵਿਚ ਪੈ ਜਾਂਦੇ ਹਨ। ਯਾਦ ਰੱਖੋ ਕਿ ਯਿਸੂ ਨੇ ਸਿਰਫ਼ ਵਿਸ਼ਵਾਸੀਆਂ ਨੂੰ ਹੀ ਬਪਤਿਸਮਾ ਲੈਣ ਦੀ ਇਜਾਜ਼ਤ ਦਿੱਤੀ ਹੈ।

### ''ਨਵਜੰਮੇ ਬੱਚਿਆਂ ਨੂੰ ਬਪਤਿਸਮਾ'' ਨਹੀਂ ਦਿੱਤਾ ਜਾਂਦਾ ਸੀ

ਰਸੂਲਾਂ ਦੇ ਕੰਮ ਕਿਤਾਬ ਵਿਚ ਅਸੀਂ ਵੇਖਦੇ ਹਾਂ ਕਿ ਚੇਲੇ ਪ੍ਰਭੂ ਤੋਂ ਹੁਕਮ ਪਾ ਕੇ ਪ੍ਰਚਾਰ ਕਰਦੇ ਹਨ। ਉਹ ਯਿਸੂ ਦੇ ਅਖ਼ਤਿਆਰ ਨਾਲ ਮਿਹਨਤ ਕਰ ਰਹੇ ਸਨ ਅਤੇ ਗ੍ਰੇਟ ਕਮਿਸ਼ਨ ਵਿਚ ਦਿੱਤੇ ਗਏ ਆਪਣੇ ਫ਼ਰਜ਼ਾਂ ਨੂੰ ਪੂਰਾ ਕਰ ਰਹੇ ਸਨ। ਕਈ ਇਹ ਦਲੀਲ ਦਿੰਦੇ ਹਨ ਕਿ ਉਨ੍ਹਾਂ ਕਿ ਬੱਚਿਆਂ ਨੂੰ ਬਪਤਿਸਮਾ ਦਿੱਤਾ। ਜੇ ਇਹ ਗੱਲ ਹੈ ਤਾਂ ਉਹ ਪ੍ਰਭੂ ਦੇ ਅਖ਼ਤਿਆਰ ਤੋਂ ਅੱਗੇ ਵਧ ਰਹੇ ਸਨ। ਨਾਲੇ ਜੇ ਉਨ੍ਹਾਂ ਕਿਸੇ ਨਵਜੰਮੇ ਬੱਚੇ ਨੂੰ ਬਪਤਿਸਮਾ ਦਿੱਤਾ ਤਾਂ ਨਵੇਂ ਨੇਮ ਵਿਚ ਉਹਦਾ ਕੋਈ ਜ਼ਿਕਰ ਨਹੀਂ ਹੈ। ਵਿਸ਼ਵਾਸੀਆਂ ਨੂੰ ਬਪਤਿਸਮਾ ਦਿੱਤੇ ਜਾਣ ਦਾ ਜ਼ਿਕਰ ਜ਼ਰੂਰ ਹੈ (ਰਸੂਲਾਂ ਦੇ ਕੰਮ 2:37-41; 8:12), ਪਰ ਨਵ ਜੰਮੇ ਬੱਚਿਆਂ ਦੇ ਬਪਤਿਸਮੇ ਦਾ ਕੋਈ ਜ਼ਿਕਰ ਨਹੀਂ ਹੈ।

ਬਾਈਬਲ ਦੀਆਂ ਕਈ ਘਟਨਾਵਾਂ ਦੇ ਸਬੰਧ ਵਿਚ ਨਵ ਜੰਮੇ ਬੱਚਿਆਂ ਦਾ ਜ਼ਿਕਰ ਆਉਂਦਾ ਹੈ, ਜਿਵੇਂ ਫ਼ਿਰੌਨ ਦੇ ਫ਼ਰਮਾਨ ਅਤੇ ਯਿਸੂ ਵੱਲੋਂ ਬੱਚਿਆਂ ਨੂੰ ਅਸ਼ੀਰਵਾਦ ਦੇਣਾ, ਪਰ ਨਵ ਜੰਮੇ ਬੱਚਿਆਂ ਨੂੰ ਬਪਤਿਸਮਾ ਦੇਣ ਦੀ ਗੱਲ ਕਿਤੇ ਨਹੀਂ ਹੈ। ਪੁਰਾਣੇ ਨੇਮ ਵਿਚ ਖ਼ੁਦਾ ਨੇ ਨਵਜੰਮੇ ਬੱਚਿਆਂ ਦੀ ਸੁੰਨਤ ਦਾ ਹੁਕਮ ਦਿੱਤਾ ਸੀ ਅਤੇ ਉਨ੍ਹਾਂ ਦੀ ਸੁੰਨਤ ਦਾ ਜ਼ਿਕਰ ਬਾਰ-ਬਾਰ ਆਉਂਦਾ ਹੈ। ਉਹਦੇ ਮੁਕਾਬਲੇ ਨਵੇਂ ਨੇਮ ਵਿਚ ਨਵਜੰਮੇ ਬੱਚਿਆਂ ਨੂੰ ਬਪਤਿਸਮਾ ਦੇਣ ਦਾ ਕੋਈ ਹੁਕਮ ਨਹੀਂ ਹੈ ਅਤੇ ਚੇਲਿਆਂ ਵੱਲੋਂ ਬੱਚਿਆਂ ਨੂੰ ਬਪਤਿਸਮਾ ਦੇਣ ਦੀ ਕੋਈ ਉਦਾਹਰਣ ਵੀ ਨਹੀਂ ਮਿਲਦੀ।

''ਨਵਜੰਮੇ ਬੱਚਿਆਂ ਦਾ ਬਪਤਿਸਮਾ'' ਦੀ ਵਕਾਲਤ ਕਰਨ ਵਾਲਿਆਂ ਨੇ ਸਬੂਤ ਦੇ ਤੌਰ ਤੇ ਪਰਿਵਾਰਾਂ ਦੇ ਬਪਤਿਸਮਿਆਂ ਦੀਆਂ ਘਟਨਾਵਾਂ ਦੱਸੀਆਂ ਹਨ। ਉਹ ਕੁਰਨੇਲੀਉਸ, ਕ੍ਰਿਸਪੁਸ, ਫ਼ਿਲਿੱਪੀ ਦਰੋਗੇ ਅਤੇ ਲੁਦੀਆ ਦੇ ਘਰਾਣੇ ਦਾ ਹਵਾਲਾ ਦਿੰਦੇ ਹਨ। ਉਹ ਕਹਿੰਦੇ ਹਨ ਕਿ ਇਨ੍ਹਾਂ ਪਰਿਵਾਰਾਂ ਵਿਚ ਜ਼ਰੂਰ ਨਵਜੰਮੇ ਬੱਚੇ ਵੀ ਹੋਣਗੇ, ਪਰ ਇਹ ਤਾਂ ਹਵਾ ਵਿਚ ਤੀਰ ਹੈ। ਨਵਜੰਮੇ ਬੱਚਿਆਂ ਦੇ ਬਗ਼ੈਰ ਵੀ ਤਾਂ ਪਰਿਵਾਰ ਹੋਣਗੇ। ਇਸ ਵਿਚਾਰਧਾਰਾ ਦੇ ਨਿਚੋੜ 'ਤੇ ਪਹੁੰਚਣ ਲਈ ਢੇਰ ਸਾਰੀ ਕਲਪਨਾ ਦੀ ਲੋੜ ਹੈ।

ਉਦਾਹਰਣ ਲਈ, ਲੁਦੀਆ ਦੀ ਮਨਬਦਲੀ 'ਤੇ ਵਿਚਾਰ ਕਰੋ। ''ਨਵਜੰਮੇ ਬੱਚਿਆਂ ਦੇ ਬਪਤਿਸਮੇ'' ਦਾ ਤਰਕ ਦੇਣ ਵਾਲਿਆਂ ਨੂੰ ਇਹ ਵੀ ਕਲਪਨਾ ਕਰਨੀ ਚਾਹੀਦੀ ਹੈ ਕਿ ਲੁਦੀਆ

ਵਿਆਹੀ ਹੋਈ ਸੀ, ਉਹਦੇ ਬੱਚੇ ਸਨ, ਉਨ੍ਹਾਂ ਬੱਚਿਆਂ 'ਚੋਂ ਕਈ ਨਵਜੰਮੇ ਬੱਚੇ ਵੀ ਹੋਣਗੇ ਅਤੇ ਥੁਆਤੀਰੇ ਤੋਂ ਫ਼ਿਲਿੱਪੈ ਵਿਚ ਉਹਦੀ ਵਪਾਰਕ ਯਾਤਰਾ ਵਿਚ ਉਹਦੇ ਨਾਲ ਸਨ। ਯਕੀਨਨ ਹੀ ਕੋਈ ਵੀ ਗੱਲ ਕਲਪਨਾ ਦੀ ਇਕ ਲੜੀ ਦੇ ਅਧਾਰ 'ਤੇ ਨਹੀਂ ਮਨਵਾਈ ਜਾ ਸਕਦੀ। ਦੂਜੀਆਂ ਘਟਨਾਵਾਂ ਜਿਨ੍ਹਾਂ ਦਾ ਅਸੀਂ ਜ਼ਿਕਰ ਕੀਤਾ ਹੈ। ਹਰੇਕ ਵਿਚ ਕੁਝ ਅਜਿਹਾ ਕਿਹਾ ਗਿਆ ਹੈ ਜਿਸ ਨਾਲ ਪਰਿਵਾਰ ਵਿਚ ਬੱਚੇ ਹੋਣ ਦੀ ਸੰਭਾਵਨਾ ਬਾਹਰ ਹੋ ਜਾਂਦੀ ਹੈ। ਕੁਰਨੇਲੀਉਸ ਦਾ ਪਰਿਵਾਰ ''ਖ਼ੁਦਾ ਤੋਂ ਡਰਦਾ ਸੀ'' (ਰਸੂਲਾਂ ਦੇ ਕੰਮ 10:2)। ਕ੍ਰਿਸਪੁਸ ਦੇ ਪਰਿਵਾਰ ਨੇ ''ਵਿਸ਼ਵਾਸ ਕੀਤਾ,'' (ਰਸੂਲਾਂ ਦੇ ਕੰਮ 18:8) ਅਤੇ ਫ਼ਿਲਿੱਪੀ ਦਰੋਗੇ ਦੇ ਪਰਿਵਾਰ ਨੇ ''ਵਿਸ਼ਵਾਸ'' ਕੀਤਾ (ਰਸੂਲਾਂ ਦੇ ਕੰਮ 16:34)। ਨਵਜੰਮੇ ਬੱਚਿਆਂ ਨੂੰ ਖ਼ੁਦਾ ਦਾ ਭੈ ਨਹੀਂ ਸੀ ਅਤੇ ਉਨ੍ਹਾਂ ਨੂੰ ਵਿਸ਼ਵਾਸ ਵੀ ਨਹੀਂ ਸੀ। ਇਸ ਕਰਕੇ ਉਨ੍ਹਾਂ ਨੂੰ ਇਨ੍ਹਾਂ ਪਰਿਵਾਰਾਂ ਵਿਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ।

**''ਨਵਜੰਮੇ ਬੱਚਿਆਂ ਦਾ ਬਪਤਿਸਮਾ'' ਤਰਕਹੀਨ ਹੈ**

ਯਿਸੂ ਨੇ ਸਮਝਾਇਆ ਕਿ ਨਵਜੰਮੇ ਬੱਚੇ ਪਾਪ ਰਹਿਤ ਹੁੰਦੇ ਹਨ (ਮੱਤੀ 18:3)। ਉਹਨੇ ਇਹ ਵੀ ਸਮਝਾਇਆ ਕਿ ਸਾਡੇ ਲਈ ਬਦਲ ਕੇ ''ਬਾਲਕਾਂ ਵਾਂਗੂੰ'' ਬਣਨਾ ਜ਼ਰੂਰੀ ਹੈ। ਬਪਤਿਸਮਾ ਪਾਪਾਂ ਦੀ ਮਾਫ਼ੀ ਲਈ ਹੈ (ਰਸੂਲਾਂ ਦੇ ਕੰਮ 2:38), ਇਸ ਲਈ ਨਵਜੰਮੇ ਬੱਚੇ ਲਈ ਬਾਈਬਲ ਦੇ ਮੁਤਾਬਕ ਬਪਤਿਸਮਾ ਲੈਣਾ ਅਸੰਭਵ ਹੋਵੇਗਾ। ਸਦੀਆਂ ਤੋਂ ''ਨਵਜੰਮੇ ਬੱਚਿਆਂ ਦੇ ਬਪਤਿਸਮੇ'' ਦੀ ਗੱਲ ਦੀ ਹਮਾਇਤ ਇਸ ਅਧਾਰ 'ਤੇ ਹੁੰਦੀ ਸੀ ਕਿ ਨਵਜੰਮੇ ਬੱਚੇ ਆਦਮ ਦੇ ਪਾਪ (ਮੋਰੂਸੀ ਗੁਨਾਹ) ਦੇ ਦੋਸ਼ੀ ਹਨ, ਜਦ ਕਿ ਤਰਤੁਲੀਅਨ ਵਰਗੇ ਅਰੰਭਕ ਲੇਖਕਾਂ ਦਾ ਤਰਕ ਸੀ ਕਿ ਨਵਜੰਮੇ ਬੱਚੇ ਪਾਪ ਰਹਿਤ ਹਨ ਯਾਨੀ ਉਹ ਬੇਕਸੂਰ ਹਨ। ਕਲੀਸੀਆ ਦੀਆਂ ਪਹਿਲੀਆਂ ਦੋ ਸਦੀਆਂ ਤਕ, ਇਸ ਗੱਲ ਦੀ ਨਾ ਤਾਂ ਕਿਸੇ ਨੇ ਵਕਾਲਤ ਕੀਤੀ ਅਤੇ ਨਾ ਹੀ ਕਿਤੇ ਇਸਦਾ ਜ਼ਿਕਰ ਕੀਤਾ। ਫਿਰ ਨਵੇਂ ਨੇਮ ਦੀ ਸਿੱਖਿਆ ਅਜਿਹੀ ਹੈ ਜੋ ਨਵਜੰਮੇ ਬੱਚਿਆਂ ਦੇ ਬਪਤਿਸਮੇ ਨੂੰ ਮੰਨਣ ਦੀ ਸੰਭਾਵਨਾ ਨੂੰ ਰੋਕ ਲਾਉਂਦੀ ਹੈ।

ਪੀਡੋਬੈਪਟਿਸਟ (ਨਵਜੰਮੇ ਬੱਚਿਆਂ ਨੂੰ ਬਪਤਿਸਮਾ ਦੇਣ ਵਾਲੇ) ਲੋਕਾਂ ਨੇ ਆਮ ਤੌਰ ਤੇ, ਨਵਜੰਮੇ ਬੱਚਿਆਂ ਨੂੰ ਬਪਤਿਸਮਾ ਦੇਣ ਦੇ ਕਾਰਣ ਲਈ ਆਦਮ ਦੇ ਪਾਪ ਦੀ ਗੱਲ ਨੂੰ ਤਿਆਗ ਦਿੱਤਾ ਹੈ। ਫਿਰ ਜਿਵੇਂ ਕਿ ਸਪੱਸ਼ਟ ਹੈ, ''ਨਵਜੰਮੇ ਬੱਚਿਆਂ ਨੂੰ ਬਪਤਿਸਮਾ'' ਦੇਣਾ ਬਿਨਾ ਕਿਸੇ ਅਰਥ ਜਾਂ ਤਰਕ ਦੇ ਹੈ। ਬਪਤਿਸਮਾ ਖ਼ੁਦਾ ਦੇ ਹੁਕਮ ਨੂੰ ਮੰਨਣ ਦਾ ਗੰਭੀਰਤਾ ਨਾਲ ਕੀਤਾ ਗਿਆ ਕੰਮ ਹੈ।

## ਭਲਾ ਬਪਤਿਸਮਾ ਲਾਜ਼ਮੀ ਹੈ?

ਯਿਸੂ ਨੇ ਆਪਣੇ ਚੇਲਿਆਂ ਨੂੰ ''ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਂਅ 'ਚ ਬਪਤਿਸਮਾ'' ਦੇਣ ਲਈ ਆਖਿਆ (ਮੱਤੀ 28:19)। ਯਕੀਨਨ ਹੀ, ਉਸ ਕਾਰਜ ਦੀ ਜੋ ਖ਼ੁਦਾਈ ਦੇ ਇਨ੍ਹਾਂ ਤਿੰਨ ਸ਼ਖ਼ਸਾਂ ਦੇ ਨਾਂਵਾਂ ਵਿਚ ਹੋਣਾ ਸੀ, ਇਕ ਮਹੱਤਵਪੂਰਨ ਨਮੂਨਾ ਹੋਣਾ ਸੀ। ਬਪਤਿਸਮੇ ਦਾ ਨਮੂਨਾ ਕੀ ਹੈ? ਇਹਦਾ ਮਕਸਦ ਕੀ ਹੈ? ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਇਹ ਸਿਰਫ਼ ਕਿਸੇ ਦੀ ਇੱਛਾ ਨਾਲ ਇਕ ਰਵਾਇਤ ਨੂੰ ਪੂਰਾ ਕਰਨਾ ਹੀ ਹੈ। ਇਹਦੇ ਉਲਟ, ਇਹਦਾ ਨਮੂਨਾ ਅਜਿਹਾ ਹੈ ਕਿ ਬਿਨਾ ਸਹੀ ਢੰਗ ਨਾਲ ਬਪਤਿਸਮਾ ਲਏ ਮਸੀਹੀ ਬਣਿਆ ਹੀ ਨਹੀਂ ਜਾ ਸਕਦਾ।

### ਇਹ ਬਚਾਏ ਜਾਣ ਲਈ ਇਕ ਸ਼ਰਤ ਹੈ

*ਮਸੀਹੀ ਬਣਨ ਲਈ ਬਪਤਿਸਮਾ ਲੈਣਾ ਜ਼ਰੂਰੀ ਹੈ ਕਿਉਂਕਿ ਯਿਸੂ ਨੇ ਬਪਤਿਸਮੇ ਨੂੰ ਬਚਾਏ ਜਾਣ ਲਈ ਇਕ ਸ਼ਰਤ ਦੱਸਿਆ* (ਮਰਕੁਸ 16:16)। ਬਪਤਿਸਮੇ ਨੂੰ ਛੁਟਕਾਰੇ (ਬਚਾਏ ਜਾਣ) ਤੋਂ ਪਹਿਲਾਂ ਰੱਖਿਆ ਗਿਆ ਹੈ। ਇਸ ਨੂੰ ਵਿਸ਼ਵਾਸ ਨਾਲ ਜੋੜਿਆ ਗਿਆ ਹੈ। ਬਚਾਇਆ ਜਾਣਾ ਵਿਸ਼ਵਾਸ ਅਤੇ ਬਪਤਿਸਮੇ ਦੇ ਬਾਅਦ ਹੀ ਆਉਂਦਾ ਹੈ। ਬਪਤਿਸਮਾ ਇਕੱਲੀ ਸ਼ਰਤ ਨਹੀਂ ਹੈ ਨਾ ਹੀ ਇਹ ਖ਼ਾਸ ਸ਼ਰਤ ਹੈ; ਪਰ ਇਹ ਬਚਾਏ ਜਾਣ ਦੀਆਂ ਸ਼ਰਤਾਂ ਵਿੱਚੋਂ ਇਕ ਹੈ। ਅਕਾਸ਼ ਅਤੇ ਧਰਤੀ ਟਲ ਜਾਣਗੇ ਪਰ ਯਿਸੂ ਦੀਆਂ ਗੱਲਾਂ ਕਦੇ ਨਹੀਂ ਟਲਣਗੀਆਂ। ਯਿਸੂ ਦੀਆਂ ਗੱਲਾਂ 'ਤੇ ਵਿਚਾਰ ਕਰਨ ਦੇ ਬਾਅਦ ਕੌਣ ਇਹ ਕਹਿਣ ਦੀ ਹਿੰਮਤ ਕਰੇਗਾ, ''ਜੋ ਨਿਹਚਾ ਕਰੇ ਅਤੇ ਬਪਤਿਸਮਾ ਲੈਣੋਂ ਇਨਕਾਰ ਕਰੇ ਉਹੀ ਬਚਾਇਆ ਜਾਵੇਗਾ''? ਯਿਸੂ ਨੇ ਕਿਹਾ ਸੀ, ''ਜਿਹੜਾ ਪਰਤੀਤ ਕਰੇ ਅਤੇ ਬਪਤਿਸਮਾ ਲਵੇ ਉਹੀ ਬਚਾਇਆ ਜਾਵੇਗਾ।''

### ਇਹ ਪਾਪਾਂ ਦੀ ਮਾਫ਼ੀ ਲਈ ਹੈ

*ਮਸੀਹੀ ਬਣਨ ਲਈ ਬਪਤਿਸਮਾ ਲੈਣਾ ਜ਼ਰੂਰੀ ਹੈ ਕਿਉਂਕਿ ਨਵਾਂ ਨੇਮ ਸਿਖਾਉਂਦਾ ਹੈ ਕਿ ਬਪਤਿਸਮਾ ਪਾਪਾਂ ਦੀ ਮਾਫ਼ੀ ਲਈ ਹੈ* (ਰਸੂਲਾਂ ਦੇ ਕੰਮ 2:38)। ਇਹ ਗੱਲ ਖ਼ੁਦਾ ਦੀ ਪ੍ਰੇਰਣਾ ਪਾਏ ਚੇਲੇ ਪਤਰਸ ਨੇ ਕਹੀ ਸੀ, ਜਿਸ ਨੇ ਉਹੀ ਕਿਹਾ ਜੋ ਆਤਮਾ ਨੇ ਬੁਲਵਾਇਆ ਸੀ। ਇਹ ਲੋਕਾਂ ਦੇ ਸਵਾਲ ਕਿ ''ਅਸੀਂ ਕੀ ਕਰੀਏ?'' ਦਾ ਜਵਾਬ ਸੀ। ਪਤਰਸ ਨੇ ਹੁਣੇ-ਹੁਣੇ ਤਿੰਨ ਹਜ਼ਾਰ ਲੋਕਾਂ ਨੂੰ ਖ਼ੁਦਾ ਦੀ ਖ਼ੁਸ਼ਖ਼ਬਰੀ ਦਾ ਸੰਦੇਸ਼ ਦੇ ਕੇ ਲਾਜਵਾਬ ਕੀਤਾ ਅਤੇ ਉਨ੍ਹਾਂ ਦੇ ਪਾਪਾਂ ਤੋਂ ਜਾਣੂ ਕਰਵਾਇਆ ਸੀ। ਵਿਸ਼ਵਾਸੀਆਂ ਦੀ ਜਮਾਤ ਨੂੰ ਉਹਨੇ ਕਿਹਾ ਸੀ ''ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ, ...''

ਇਸ ਆਇਤ ਵਿਚ ਤੌਬਾ ਅਤੇ ਬਪਤਿਸਮੇ ਨੂੰ ਜੋੜਿਆ ਗਿਆ ਹੈ। ਇਨ੍ਹਾਂ ਦੋਹਾਂ ਨੂੰ ਪਾਪਾਂ ਦੀ ਮਾਫ਼ੀ ਵਾਸਤੇ ਦੱਸਿਆ ਸੀ। ਜੋ ਮਕਸਦ ਤੌਬਾ ਦਾ ਹੈ, ਉਹੀ ਬਪਤਿਸਮੇ ਦਾ ਵੀ ਹੈ। ਜੇ ਕੋਈ ਤਰਕ ਦਿੰਦਾ ਹੈ ਕਿ ਰਸੂਲਾਂ ਦੇ ਕੰਮ ਕਿਤਾਬ ਵਿਚ ਮਸੀਹੀ ਬਣਨ ਵਾਲਿਆਂ ਨੂੰ ਪਾਪਾਂ ਦੀ ਮਾਫ਼ੀ ''ਦੇ ਕਾਰਣ'' ਬਪਤਿਸਮਾ ਲੈਣਾ ਹੁੰਦਾ ਸੀ, ਤਾਂ ਫਿਰ ਉਨ੍ਹਾਂ ਨੂੰ ਪਾਪਾਂ ਦੀ ਮਾਫ਼ੀ ਦੇ ਕਾਰਣ ਹੀ ਤੌਬਾ ਕਰਨੀ ਹੁੰਦੀ ਸੀ, ਪਰ ਇਹਦਾ ਕੋਈ ਮਤਲਬ ਨਹੀਂ ਨਿੱਕਲਦਾ! ਜੇ ਪਾਪਾਂ ਦੀ ਮਾਫ਼ੀ ਤੌਬਾ ਦੇ ਬਾਅਦ ਆਉਂਦੀ ਹੈ ਤਾਂ ਫਿਰ ਬਪਤਿਸਮੇ ਦੇ ਵੀ ਬਾਅਦ ਆਉਂਦੀ ਹੈ। ਸਾਨੂੰ ਮੱਤੀ 26:28 ਵਿਚ ਇਸ ਨਾਲ ਮਿਲਦਾ ਜੁਲਦਾ ਹੀ ਇਕ ਵਾਕ ''ਪਾਪਾਂ ਦੀ ਮਾਫ਼ੀ ਦੇ ਨਮਿੱਤ'' ਮਿਲਦਾ ਹੈ। ਮਸੀਹ ਦਾ ਲਹੂ ਪਾਪਾਂ ਦੀ ਮਾਫ਼ੀ ਦੇ ਨਮਿੱਤ ਵਹਾਇਆ ਗਿਆ ਸੀ। ਯਕੀਨਨ ਹੀ ਕੋਈ ਇਹ ਦਾਅਵਾ ਨਹੀਂ ਕਰੇਗਾ ਕਿ ਮਸੀਹ ਨੇ ਆਪਣਾ ਲਹੂ ਇਸ ਲਈ ਵਹਾਇਆ ਸੀ ਕਿ ਸਾਡੇ ਪਾਪਾਂ ਦੀ ਮਾਫ਼ੀ ਹੋ ਗਈ ਸੀ। ਪਾਪੀਆਂ ਲਈ ਬਪਤਿਸਮਾ ਲੈਣਾ ਇਸ ਕਰਕੇ ਜ਼ਰੂਰੀ ਹੈ ਤਾਂ ਕਿ ਉਨ੍ਹਾਂ ਦੇ ਪਾਪਾਂ ਦੀ ਮਾਫ਼ੀ ਹੋ ਸਕੇ।

### ਇਹ ਸਾਨੂੰ ਬਚਾਉਂਦਾ ਹੈ

*ਬਪਤਿਸਮਾ ਲੈਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਨਵਾਂ ਨੇਮ ਸਿਖਾਉਂਦਾ ਹੈ ਕਿ ਬਪਤਿਸਮਾ ਹੁਣ ਸਾਨੂੰ ਬਚਾਉਂਦਾ ਹੈ* (1 ਪਤਰਸ 3:21)। ਆਓ ਫੇਰ ਪਤਰਸ ਦੇ ਸ਼ਬਦਾਂ

'ਤੇ ਵਿਚਾਰ ਕਰਦੇ ਹਾਂ। ਬਪਤਿਸਮਾ ਸਾਨੂੰ ਬਚਾਉਂਦਾ ਹੈ! ਬੇਸ਼ੱਕ, ਇਹ ਸਾਨੂੰ ਉਵੇਂ ਨਹੀਂ ਬਚਾਉਂਦਾ ਜਿਵੇਂ ਯਿਸੂ ਸਾਨੂੰ ਬਚਾਉਂਦਾ ਹੈ ਭਾਵ ਬਪਤਿਸਮਾ ਸਾਡਾ ਮੁਕਤੀਦਾਤਾ ਨਹੀਂ ਹੈ। ਪਰ ਇਸ ਨੂੰ ਬਚਾਉਣ ਵਾਲਾ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਹ ਬਚਾਏ ਜਾਣ ਲਈ ਦਿੱਤੀਆਂ ਗੱਲਾਂ ਵਿੱਚੋਂ ਇਕ ਹੈ। ਇਹ ਮਨੁੱਖ ਲਈ ਬਚਾਏ ਜਾਣ ਦਾ ਅਨੰਦ ਲੈਣ ਲਈ ਯਿਸੂ ਦੀਆਂ ਸ਼ਰਤਾਂ ਵਿੱਚੋਂ ਇਕ ਹੈ। ਬਹੁਤ ਸਾਰੇ ਲੋਕਾਂ ਨੇ ਇਸ ਆਇਤ ਦੀ ਵਿਆਖਿਆ ਇਹ ਨਿਚੋੜ ਕੱਢਣ ਲਈ ਇਸ ਢੰਗ ਨਾਲ ਕੀਤੀ ਹੈ ਕਿ ਬਪਤਿਸਮਾ ਬਚਾਉਂਦਾ ਨਹੀਂ ਹੈ ਜਦਕਿ ਪਤਰਸ ਨੇ ਕਿਹਾ ਕਿ ਇਹ ਬਚਾਉਂਦਾ ਹੈ! ਜਦ ਕੋਈ ਇਹ ਪਤਰਸ ਦੇ ਸ਼ਬਦਾਂ ਦੀ ''ਵਿਆਖਿਆ'' ਇਹ ਨਿਚੋੜ ਕੱਢਣ ਲਈ ਕਰਦਾ ਹੈ ਕਿ ਬਪਤਿਸਮਾ ਬਚਾਉਂਦਾ ਨਹੀਂ ਹੈ ਤਾਂ ਉਹਦੀ ਇਹ ''ਵਿਆਖਿਆ'' ਇਸ ਵਾਕ ਦਾ ਸਪੱਸ਼ਟ ਇਨਕਾਰ ਹੋ ਜਾਂਦੀ ਹੈ।

**ਇਹ ਸਾਨੂੰ ਮਸੀਹ ਵਿਚ ਲਿਆਉਂਦਾ ਹੈ**

*ਮਸੀਹੀ ਬਣਨ ਲਈ ਬਪਤਿਸਮਾ ਲੈਣਾ ਜ਼ਰੂਰੀ ਹੈ ਕਿਉਂਕਿ ਨਵਾਂ ਨੇਮ ਸਿਖਾਉਂਦਾ ਹੈ ਕਿ ਬਪਤਿਸਮਾ ਸਾਨੂੰ ਮਸੀਹ ਵਿਚ ਰਲਾਉਂਦਾ ਹੈ* (ਰੋਮੀਆਂ 6:3, 4)। ਮਸੀਹ ਵਿਚ ਬਪਤਿਸਮਾ ਲੈ ਕੇ ਅਸੀਂ ਮਸੀਹ ਨੂੰ ਪਹਿਨ ਲੈਂਦੇ ਹਾਂ (ਗਲਾਤੀਆਂ 3:27) ਅਤੇ ਮਸੀਹ ਵਿਚ ਨਵੀਂ ਸ੍ਰਿਸ਼ਟ ਬਣ ਜਾਂਦੇ ਹਾਂ (2 ਕੁਰਿੰਥੀਆਂ 5:17)। ਛੁਟਕਾਰਾ ਮਸੀਹ ਵਿਚ ਹੈ (ਅਫ਼ਸੀਆਂ 1:7)। ਹਮੇਸ਼ਾ ਦੀ ਜ਼ਿੰਦਗੀ ਮਸੀਹ ਵਿਚ ਹੈ (1 ਯੂਹੰਨਾ 5:11)। ਅਸਲ 'ਚ, ਸਭ ਰੂਹਾਨੀ ਬਰਕਤਾਂ ਮਸੀਹ ਵਿਚ ਹੀ ਹਨ (ਅਫ਼ਸੀਆਂ 1:3)। ਸੰਸਾਰ ਤਾਂ ਉਸ ਦੁਸ਼ਟ ਦੇ ਵੱਸ ਵਿਚ ਹੈ (1 ਯੂਹੰਨਾ 5:19), ਪਰ ਮਸੀਹੀ ਲੋਕ ਮਸੀਹ ਦੇ ਅਧੀਨ ਹਨ। ਬਪਤਿਸਮਾ ਉਹ ਕਾਰਜ ਹੈ ਜੋ ਸਾਨੂੰ ਮਸੀਹ ਵਿਚ ਲਿਆਉਂਦਾ ਹੈ।

**ਇਹ ਸਾਡੇ ਪਾਪ ਧੋ ਦਿੰਦਾ ਹੈ**

*ਮਸੀਹੀ ਬਣਨ ਲਈ ਬਪਤਿਸਮਾ ਲੈਣਾ ਜ਼ਰੂਰੀ ਹੈ ਕਿਉਂਕਿ ਨਵਾਂ ਨੇਮ ਸਿਖਾਉਂਦਾ ਹੈ ਕਿ ਬਪਤਿਸਮੇ ਦਾ ਸਬੰਧ ਪਾਪਾਂ ਨੂੰ ਧੋ ਸੁੱਟਣ ਵਿਚ ਹੈ* (ਰਸੂਲਾਂ ਦੇ ਕੰਮ 22:16)। ਹੋਰ ਆਇਤਾਂ ਵੀ ਇਸ ਧੋਣ ਦਾ ਜ਼ਿਕਰ ਕਰਦੀਆਂ ਹਨ (ਅਫ਼ਸੀਆਂ 5:26; ਇਬਰਾਨੀਆਂ 10:22; ਤੀਤੁਸ 3:5)। ਸੌਲੁਸ ਨੂੰ ਕਿਹਾ ਗਿਆ ਸੀ ''ਉੱਠ ਅਤੇ ਉਹਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ'' (ਰਸੂਲਾਂ ਦੇ ਕੰਮ 22:16)। ਦਮਿਸ਼ਕ ਦੇ ਰਾਹ 'ਤੇ ਪ੍ਰਭੂ ਨੇ ਸੌਲੁਸ ਨੂੰ ਕਿਹਾ ਕਿ ਉਹਨੂੰ ਦਮਿਸ਼ਕ ਵਿਚ ਦੱਸਿਆ ਜਾਵੇਗਾ ਕਿ ਉਹਨੇ ''ਕੀ ਕਰਨਾ'' ਹੈ (ਰਸੂਲਾਂ ਦੇ ਕੰਮ 9:6)। ਉਹਨੂੰ ਬਪਤਿਸਮਾ ਲੈ ਕੇ ਆਪਣੇ ਪਾਪ ਧੋ ਸੁੱਟਣ ਨੂੰ ਕਿਹਾ ਗਿਆ ਸੀ।

ਬਹੁਤ ਸਾਰੇ ਲੋਕ ਬਪਤਿਸਮੇ ਨੂੰ ਪਾਪਾਂ ਦੇ ਧੋ ਸੁੱਟਣ ਨਾਲ ਜੋੜਨ 'ਤੇ ਇਤਰਾਜ਼ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਇਹ ਨਹੀਂ ਮੰਨ ਸਕਦੇ ਕਿ ਪਾਣੀ ਪਾਪਾਂ ਨੂੰ ਧੋ ਸਕਦਾ ਹੈ। ਪਰ ਰਸੂਲਾਂ ਦੇ ਕੰਮ 22:16 ਵਿਚ ਇਹ ਨਹੀਂ ਕਿਹਾ ਗਿਆ ਹੈ ਕਿ ਪਾਪ ਪਾਣੀ ਨਾਲ ਧੁਲਦੇ ਹਨ। ਯੂਹੰਨਾ ਨੇ ਐਲਾਨ ਕੀਤਾ ਕਿ ਪ੍ਰਭੂ ਯਿਸੂ ਮਸੀਹ ਦੇ ਲਹੂ ਨਾਲ ਸਾਡੇ ਪਾਪ ਧੁਲ ਚੁੱਕੇ ਹਨ। ਇਹ ਆਇਤ ਇਹ ਨਹੀਂ ਦੱਸਦੀ ਕਿ *ਕੌਣ* ਧੋਂਦਾ ਹੈ, ਯਾਨੀ ਇਹ ਇਹੀ ਦੱਸਦੀ ਹੈ ਕਿ *ਕਦੋਂ* ਧੋਂਦਾ ਹੈ। ਯੂਹੰਨਾ ਨੇ ਕਿਹਾ ਹੈ ਕਿ ਸਾਡੇ ਪਾਪ ਯਿਸੂ ਮਸੀਹ ਦੇ ਲਹੂ ਨਾਲ

ਧੋਤੇ ਜਾਂਦੇ ਹਨ (ਪ੍ਰਕਾਸ਼ ਦੀ ਪੋਥੀ 1:5)। ਰਸੂਲਾਂ ਦੇ ਕੰਮ 22:16 ਅਤੇ ਪ੍ਰਕਾਸ਼ ਦੀ ਪੋਥੀ 1:5 ਨੂੰ ਇਕੱਠੇ ਰੱਖਣ ਤੇ *ਕੌਣ* (ਮਸੀਹ ਦਾ ਲਹੂ) ਅਤੇ *ਕਦ* (ਬਪਤਿਸਮੇ ਵੇਲੇ) ਦਾ ਪਤਾ ਲਗਦਾ ਹੈ। ਬੇਸ਼ੱਕ, ਯਿਸੂ ਦਾ ਲਹੂ ਸਾਡੇ ਪਾਪ ਮੂਲੋਂ ਨਹੀਂ ਧੋਂਦਾ, ਪਰ ਅਸੀਂ ਮੂਲ ਰੂਪ ਵਿਚ ਉਹਦੇ ਲਹੂ ਦੇ ਸੰਪਰਕ ਵਿਚ ਨਹੀਂ ਆ ਸਕਦੇ। ਸਾਡੇ ਲਈ ਰੂਹਾਨੀ ਤੌਰ ਤੇ ਉਸ ਤਕ ਪਹੁੰਚਣ ਲਈ ਖ਼ੁਦਾ ਵੱਲੋਂ ਠਹਿਰਾਏ ਵਸੀਲਿਆਂ ਰਾਹੀਂ ਆਉਣਾ ਜ਼ਰੂਰੀ ਹੈ।

**ਇਹ ਸਾਨੂੰ ਕਿਰਪਾ ਰਾਹੀਂ ਛੁਟਕਾਰਾ ਦੁਆਉਂਦਾ ਹੈ**

*ਮਸੀਹੀ ਬਣਨ ਲਈ ਬਪਤਿਸਮਾ ਜ਼ਰੂਰੀ ਹੈ ਕਿਉਂਕਿ ਨਵਾਂ ਨੇਮ ਸਿਖਾਉਂਦਾ ਹੈ ਕਿ ਅਸੀਂ ਕਿਰਪਾ ਰਾਹੀਂ ਹੀ ਬਚਾਏ ਜਾਵਾਂਗੇ* (ਅਫ਼ਸੀਆਂ 2:5, 8, 9; ਤੀਤੁਸ 2:11)। ਕਿਰਪਾ ਦੀਆਂ ਸ਼ਰਤਾਂ ਨਾ ਮੰਨਣ ਵਾਲੇ ਨੂੰ ਮਾਫ਼ੀ ਨਹੀਂ ਮਿਲ ਸਕਦੀ। ''ਨੂਹ ਉੱਤੇ ਯਹੋਵਾਹ ਦੀ ਕਿਰਪਾ ਦੀ ਨਿਗਾਹ ਹੋਈ'' (ਉਤਪਤ 6:8)। ਨੂਹ ਨੂੰ ਉਸ ਕਿਰਪਾ ਦਾ ਲਾਭ ਹੋਇਆ ਕਿਉਂਕਿ ਉਹਨੇ ਖ਼ੁਦਾ ਦਾ ਹੁਕਮ ਮੰਨਿਆ ਸੀ। ਖ਼ੁਦਾ ਨੇ ਯਰੀਹੋ ਸ਼ਹਿਰ ਯਹੋਸ਼ੁਆ ਦੇ ਹੱਥ 'ਚ ਦੇ ਦਿੱਤਾ ਸੀ (ਯਹੋਸ਼ੁਆ 6:2), ਪਰ ਯਹੋਸ਼ੁਆ ਨੂੰ ਇਹ ਦਾਨ ਉਦੋਂ ਤਕ ਨਹੀਂ ਮਿਲਿਆ ਜਦ ਤਕ ਉਹਨੇ ਖ਼ੁਦਾ ਵੱਲੋਂ ਠਹਿਰਾਈਆਂ ਗਈਆਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ। ਸਾਡੀ ਰੋਜ਼ ਦੀ ਰੋਟੀ ਖ਼ੁਦਾ ਦੀ ਕਿਰਪਾ ਨਾਲ ਹੀ ਮਿਲਦੀ ਹੈ। ਇਹ ਖ਼ੁਦਾ ਵੱਲੋਂ ਦਾਨ ਹੈ। ਫਿਰ ਵੀ, ਸਾਨੂੰ ਰੋਜ਼ ਦੀ ਰੋਟੀ ਉਦੋਂ ਤਕ ਨਹੀਂ ਮਿਲਦੀ ਜਦ ਤਕ ਅਸੀਂ ਕੁਦਰਤ ਦੇ ਨਿਯਮਾਂ ਦਾ ਪਾਲਨ ਨਹੀਂ ਕਰਦੇ। ਮਾਫ਼ੀ ਪਾਉਣ ਲਈ ਵੀ ਸਾਡੇ ਲਈ ਉਹਦੀਆਂ ਸ਼ਰਤਾਂ ਪੂਰੀਆਂ ਕਰਨਾ ਜ਼ਰੂਰੀ ਹੈ। ਅਸੀਂ ਕਿਰਪਾ ਨਾਲ ਬਚਾਏ ਜਾਂਦੇ ਹਾਂ, ਪਰ ਕਿਰਪਾ ਹੁਕਮ ਨਾ ਮੰਨਣ ਵਾਲਿਆਂ ਨੂੰ ਨਹੀਂ ਬਚਾਉਂਦੀ। ਯਿਸੂ ਨੇ ਬਪਤਿਸਮੇ ਦਾ ਹੁਕਮ ਮਾਫ਼ੀ ਦੀ ਇਕ ਸ਼ਰਤ ਦੇ ਰੂਪ 'ਚ ਦਿੱਤਾ, ਇਸ ਲਈ ਇਹਦਾ ਇਹ ਮਤਲਬ ਹੋਇਆ ਕਿ ਖ਼ੁਦਾ ਦੀ ਕਿਰਪਾ ਨਾਲ ਮਾਫ਼ੀ ਪਾਉਣ ਲਈ ਬਪਤਿਸਮਾ ਲੈਣਾ ਹੀ ਪਵੇਗਾ।

**ਇਹ ਸਾਨੂੰ ਵਿਸ਼ਵਾਸ ਨਾਲ ਬਚਾਏ ਜਾਣ ਦੀ ਇਜਾਜ਼ਤ ਦਿੰਦਾ ਹੈ**

*ਅਖ਼ੀਰ 'ਚ, ਮਸੀਹੀ ਬਣਨ ਲਈ ਬਪਤਿਸਮਾ ਲੈਣਾ ਇਸ ਕਰਕੇ ਜ਼ਰੂਰੀ ਹੈ ਕਿਉਂਕਿ ਨਵਾਂ ਨੇਮ ਸਿਖਾਉਂਦਾ ਹੈ ਕਿ ਅਸੀਂ ਵਿਸ਼ਵਾਸ ਨਾਲ ਹੀ ਬਚਾਏ ਜਾਂਦੇ ਹਾਂ।* ਜਿਸ ਵਿਸ਼ਵਾਸ ਨਾਲ ਲਾਭ ਹੁੰਦਾ ਹੈ ਉਹ ਉਹੀ ਵਿਸ਼ਵਾਸ ਹੈ ਜੋ ਕੰਮ ਕਰਦਾ ਹੈ (ਗਲਾਤੀਆਂ 5:6)। ਅਸੀਂ ਮੁਰਦਾ ਵਿਸ਼ਵਾਸ ਨਾਲ ਭਾਵ ਅਮਲਾਂ ਰਹਿਤ ਵਿਸ਼ਵਾਸ ਨਾਲ ਮਾਫ਼ੀ ਨਹੀਂ ਪਾ ਸਕਦੇ (ਯਾਕੂਬ 2:26)। ਵਿਸ਼ਵਾਸ ਅਮਲਾਂ ਰਾਹੀਂ ਹੀ ਸਾਬਤ ਹੁੰਦਾ ਹੈ (ਯਾਕੂਬ 2:22)। ਮਰਕੁਸ 16:16 ਮੁਤਾਬਕ, ਬਪਤਿਸਮਾ ਹੁਕਮ ਮੰਨਣ ਦਾ ਉਹ ਕਾਰਜ ਹੈ ਜੋ ਵਿਸ਼ਵਾਸ ਨਾਲ ਜੁੜਿਆ ਹੋਇਆ ਹੈ, ''ਜਿਹੜਾ ਵਿਸ਼ਵਾਸ ਕਰੇ ਅਤੇ ਬਪਤਿਸਮਾ ਲਵੇ ਉਹੀ ਬਚਾਇਆ ਜਾਵੇਗਾ, ਪਰ ਜਿਹੜਾ ਵਿਸ਼ਵਾਸ ਨਾ ਕਰੇ ਉਹ ਦੋਸ਼ੀ ਠਹਿਰਾਇਆ ਜਾਵੇਗਾ।'' ਇਹ ਸੱਚ ਹੈ, ਇਸ ਲਈ ਵਿਸ਼ਵਾਸ ਜੋ ਬਚਾਉਂਦਾ ਹੈ, ਉਹ ਐਨਾ ਮਜ਼ਬੂਤ ਹੋਣਾ ਜ਼ਰੂਰੀ ਹੈ ਕਿ ਆਦਮੀ ਬਪਤਿਸਮਾ ਲੈਣ ਲਈ ਤਿਆਰ ਹੋ ਸਕੇ। ਵਿਸ਼ਵਾਸ ਤਦੇ ਬਚਾਉਂਦਾ ਹੈ ਜਦ ਮਨੁੱਖ ਹੁਕਮ ਮੰਨਦਾ ਹੈ।

## ਸਾਰ

''ਬਪਤਿਸਮਾ ਦੇਣਾ'' ਸ਼ਬਦ ਅਤੇ ਨਵੇਂ ਨੇਮ ਵਿਚ ਮਿਲਣ ਵਾਲੀਆਂ ਉਦਾਹਰਣਾਂ ਅਤੇ ਵਾਕਾਂ ਦੇ ਅਰਥ ਤੋਂ ਅਸੀਂ ਕਈ ਨਿਚੋੜ ਕੱਢ ਸਕਦੇ ਹਾਂ। ਪੌਲੁਸ ਦੇ ਲੇਖਾਂ ਵਿਚ ਕਈ ਸੰਕੇਤ ਬਪਤਿਸਮੇ ਦੀ ਪਰਿਭਾਸ਼ਾ ਲਈ ਦਫ਼ਨਾਏ ਜਾਣ ਅਤੇ ਡੁਬਕੀ ਨੂੰ ਪੂਰੀ ਤਰ੍ਹਾਂ ਮੰਨਦੇ ਹਨ। ਅਸੀਂ ਵੇਖਦੇ ਹਾਂ ਕਿ ਪਾਪਾਂ ਤੋਂ ਮਾਫ਼ੀ ਲਈ ਅਤੇ ਖ਼ੁਦਾ ਦੀ ਕਿਰਪਾ ਨਾਲ ਮਾਫ਼ੀ ਲਈ ਪਸ਼ਚਾਤਾਪੀ ਵਿਸ਼ਵਾਸੀਆਂ ਨੂੰ ਹੀ ਬਪਤਿਸਮਾ ਦਿੱਤਾ ਜਾਂਦਾ ਸੀ।

ਅਸੀਂ ਵੇਖਿਆ ਹੈ ਕਿ ਬਪਤਿਸਮਾ ਸਾਨੂੰ ਬਚਾਉਂਦਾ ਹੈ ਅਤੇ ਮਸੀਹ ਵਿਚ ਲਿਆਉਂਦਾ ਹੈ। ਵਿਸ਼ਵਾਸ ਨੂੰ ਵਿਖਾਉਣ ਲਈ ਬਪਤਿਸਮਾ ਖ਼ੁਦਾ ਦੀ ਕਿਰਪਾ ਨੂੰ ਅਮਲ ਵਿਚ ਲਿਆਉਣਾ ਹੈ ਕਿਉਂਕਿ ਪਾਪ ਬਪਤਿਸਮਾ ਲੈਣ 'ਤੇ ਹੀ ਧੋਤੇ ਜਾਂਦੇ ਹਨ। ਇਨ੍ਹਾਂ ਸਭ ਵਿਚਾਰਾਂ ਤੋਂ ਇਹ ਨਿਚੋੜ ਨਿੱਕਲਦਾ ਹੈ ਕਿ ਬਪਤਿਸਮਾ ਬਚਾਏ ਜਾਣ ਲਈ ਜ਼ਰੂਰੀ ਹੈ।

ਭਲਾ ਤੁਹਾਡਾ ਬਪਤਿਸਮਾ ਇਸੇ ਤਰ੍ਹਾਂ ਅਤੇ ਇਸੇ ਲਈ ਹੋਇਆ ਹੈ? ''ਹੁਣ ਦੇਰ ਕਿਉਂ ਕਰਦਾ ਹੈਂ? ਉੱਠ ਅਤੇ ਉਹ ਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ'' (ਰਸੂਲਾਂ ਦੇ ਕੰਮ 22:16)।

---

## ਤਿੰਨ ਮਹੱਤਵਪੂਰਣ ਜਨਮ

***ਕੁਦਰਤੀ ਜਨਮ।*** ਖ਼ੁਦਾ ਦਾ ਫ਼ੈਸਲਾ ਸੀ ਕਿ ਇਸ ਭੌਤਿਕ ਸੰਸਾਰ ਵਿਚ ਆਉਣ ਲਈ ਜਨਮ ਦਾ ਨਿਯਮ ਹੋਵੇ। ਸ਼ੁਰੂ 'ਚ ਉਸ ਵੱਲੋਂ ਬਹੁਤ ਮਹਾਨ ਅਤੇ ਨਾ ਬਦਲਣ ਵਾਲਾ ਨਿਯਮ ਇਹ ਸੀ ਕਿ ਮਨੁੱਖ ਹੋਵੇ ਜਾਂ ਜਾਨਵਰ ਭਾਵ ਕੁਦਰਤ ਦਾ ਹਰ ਪ੍ਰਾਣੀ ਆਪਣੀ ਹੀ ਨਸਲ ਅਨੁਸਾਰ ਉਪਜ ਦੇਵੇ। ਇਹ ਹੁਕਮ ਮਨੁੱਖੀ ਪਰਿਵਾਰ ਲਈ ਵੀ ਸੀ, ਅਤੇ ਉਨ੍ਹਾਂ ਨਸਲਾਂ ਲਈ ਵੀ ਜਿਨ੍ਹਾਂ ਦੀ ਸ਼ੁਰੂਆਤ ਮੋਅਜਜ਼ੇ ਰਾਹੀਂ ਹੋਈ ਸੀ ਕਿ ਉਹ ਕੁਦਰਤੀ ਜਨਮ ਨਾਲ ਵਧਦੀਆਂ ਰਹਿਣੀਆਂ ਸਨ। ਇਸ ਨੂੰ ਮੋਅਜਜ਼ਾ ਨਹੀਂ ਸਗੋਂ ਕੁਦਰਤੀ ਆਖਿਆ ਜਾਂਦਾ ਹੈ ਭਾਂਵੇਂ ਇਹਦੇ ਨਾਲੋਂ ਵਧਕੇ ਮੋਅਜਜ਼ਾ ਕਦੇ ਨਹੀਂ ਹੋਇਆ।

***ਨਵਾਂ ਜਨਮ।*** ਯਿਸੂ ਨੇ ਫ਼ਰਮਾਨ ਕੀਤਾ ਕਿ ਉਹਦੇ ਰਾਜ ਵਿਚ ਆਉਣ ਲਈ ਵੀ ਜਨਮ ਹੋਣਾ ਜ਼ਰੂਰੀ ਹੈ। ਨਿਕੁਦੇਮੁਸ ਨਾਲ ਗੱਲਬਾਤ ਦੌਰਾਨ, ਯਿਸੂ ਨੇ ਨਵੇਂ ਜਨਮ ਦੀ ਲੋੜ 'ਤੇ ਜ਼ੋਰ ਦਿੱਤਾ (ਯੂਹੰਨਾ 3:1-5)। ਯਹੂਦੀਆਂ ਦੇ ਹਾਕਮ, ਨਿਕੁਦੇਮੁਸ ਨੇ ਸਰੀਰਕ ਭਾਵ ਜਿਸਮਾਨੀ ਜਨਮ ਅਤੇ ਉਸ ਨਾਲ ਮਿਲਣ ਵਾਲੇ ਖ਼ਾਸ ਹੱਕ ਵੱਲ ਬਹੁਤਾ ਝੁਕਾਅ ਰੱਖਿਆ ਹੋਵੇਗਾ। ਯਿਸੂ ਦੇ ਇਹ ਦੱਸਣ 'ਤੇ ਵੀ ਕਿ ਨਵੇਂ ਸਿਰਿਓਂ ਜਨਮ ਲੈਣਾ ਜ਼ਰੂਰੀ ਹੈ, ਉਹਦੇ ਦਿਮਾਗ਼ 'ਚ ਜਿਸਮਾਨੀ ਜਨਮ ਹੀ ਸੀ। ਯਿਸੂ ਨੇ ਉਹਨੂੰ ਸਮਝਾਇਆ ਕਿ ਜਿਸ ਦੂਜੇ ਜਨਮ ਦੀ ਉਹ ਗੱਲ ਕਰ ਰਿਹਾ ਸੀ ਉਹ ਜਿਸਮਾਨੀ ਨਹੀਂ ਬਲਕਿ ਆਤਮਾ ਅਤੇ ਪਾਣੀ ਨਾਲ ਜਨਮ ਲੈਣਾ ਸੀ।

ਅਸੀਂ ਯਿਸੂ ਦੀ ਭਾਸ਼ਾ ਦੇ ਅਰਥ ਨੂੰ ਕਿਵੇਂ ਤੈਅ ਕਰ ਸਕਦੇ ਹਾਂ? ਬਿਨਾ ਕਿਸੇ ਸੰਕੇਤਕ ਅਰਥ ਦੀ ਵਰਤੋਂ ਕੀਤੇ ਅਸੀਂ ਗ੍ਰੇਟ ਕਮਿਸ਼ਨ ਵਿਚ ਜਾ ਸਕਦੇ ਹਾਂ ਜਿੱਥੇ ਯਿਸੂ ਨੇ ਬਚਾਏ ਜਾਣ ਦੀਆਂ ਸ਼ਰਤਾਂ ਦੱਸੀਆਂ ਸਨ। ਉਹਨੇ ਕਿਹਾ, ''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ'' (ਮਰਕੁਸ 16:16)। ਇਸ ਨਾਲ ਸਾਨੂੰ ਯੂਹੰਨਾ 3:5 'ਤੇ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤਾ ਗਿਆ ਟੀਕਾ ਮਿਲ ਜਾਂਦਾ ਹੈ। ਉਦਾਹਰਣ ਲਈ, ਅਸੀ ਰਸੂਲਾਂ ਦੇ ਕੰਮ

ਕਿਤਾਬ ਵਿਚ ਜਾ ਕੇ ਖ਼ੁਦਾ ਦੀ ਪ੍ਰੇਰਣਾ ਪਾਏ ਲੋਕਾਂ ਦੀ ਨਿਗਰਾਨੀ ਵਿਚ ਹੋਣ ਵਾਲੀਆਂ ਮਨਬਦਲੀਆਂ ਦੀਆਂ ਘਟਨਾਵਾਂ ਨੂੰ ਵੇਖ ਸਕਦੇ ਹਾਂ। ਰਸੂਲਾਂ ਦੇ ਕੰਮ 2 ਅਧਿਆਇ ਵਿਚ ਇਕ ਆਦਰਸ਼ ਘਟਨਾ ਮਿਲਦੀ ਹੈ। ਬੇਸ਼ੱਕ ਉਸ ਦਿਨ ਬਚਾਏ ਜਾਣ ਵਾਲਿਆਂ ਨੇ ਨਵੇਂ ਸਿਰੇ ਤੋਂ ਜਨਮ ਲਿਆ ਸੀ। ਉਨ੍ਹਾਂ ਨੇ ਕੀ ਕੀਤਾ ਸੀ? ਉਨ੍ਹਾਂ ਨੇ ਪਤਰਸ ਵੱਲੋਂ ਦੱਸੇ ਵਚਨ ਨੂੰ ਸੁਣਿਆ, ਉਸ 'ਤੇ ਵਿਸ਼ਵਾਸ ਕੀਤਾ, ਆਪਣੇ ਪਾਪਾਂ ਤੋਂ ਤੌਬਾ ਕੀਤੀ ਅਤੇ ਉਨ੍ਹਾਂ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲਿਆ ਸੀ। ਅਜਿਹਾ ਕਰਕੇ ਉਨ੍ਹਾਂ ਜਲ ਅਤੇ ਆਤਮਾ ਤੋਂ ਜਨਮ ਲੈ ਕੇ ਨਵੇਂ ਸਿਰਿਓਂ ਜਨਮ ਲਿਆ ਸੀ। ਨਵੇਂ ਸਿਰਿਓਂ ਜਨਮ ਲੈਣ ਲਈ ਇਨ੍ਹਾਂ ਹੁਕਮਾਂ ਅਤੇ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀਆਂ ਉਦਾਹਰਣਾਂ ਦੀ ਨਕਲ ਕਰਨੀ ਜ਼ਰੂਰੀ ਹੈ: (1) ਆਤਮਾ ਦੀ ਸਿੱਖਿਆ ਨੂੰ ਸੁਣੋ ਜਿਸ ਨੂੰ ਉਹ ਨਵੇਂ ਨੇਮ ਦੇ ਰਾਹੀਂ ਦੱਸਦਾ ਹੈ, (2) ਆਤਮਾ ਦੀ ਗਵਾਹੀ 'ਤੇ ਯਕੀਨ ਕਰੋ, (3) ਤੌਬਾ ਕਰਨ ਲਈ ਆਤਮਾ ਦੀ ਸਿੱਖਿਆ ਨੂੰ ਮੰਨੋ ਅਤੇ (4) ਆਪਣੇ ਪਾਪਾਂ ਦੀ ਮਾਫ਼ੀ ਲਈ ਪਾਣੀ ਵਿਚ ਬਪਤਿਸਮਾ ਲੈਣ ਦੀ ਆਤਮਾ ਦੀ ਗੱਲ ਮੰਨ ਕੇ ਉਹਦੇ ਪਿੱਛੇ ਚੱਲੋ। ਇਹ ਸਭ ਗੱਲਾਂ ਹੋ ਜਾਣ ਨੂੰ ਪਾਣੀ ਅਤੇ ਆਤਮਾ ਤੋਂ ਜਨਮ ਲੈਣਾ ਕਿਹਾ ਜਾਂਦਾ ਹੈ। ਇਸ ਤਰ੍ਹਾਂ ਬਪਤਿਸਮਾ ਲੈਣ ਵਾਲਾ ਮਸੀਹ ਦੇ ਰਾਜ ਦਾ ਸ਼ਹਿਰੀ ਬਣ ਜਾਂਦਾ ਹੈ।

***ਅਲੌਕਿਕ ਜਨਮ।*** ਯਿਸੂ ''ਮੁਰਦਿਆਂ ਵਿੱਚੋਂ ਜੇਠਾ ਹੈ'' (ਕੁਲੁੱਸੀਆਂ 1:18)। ਕਬਰ 'ਚੋਂ ਜੀ ਉੱਠਣ ਨੂੰ ਜਨਮ ਕਿਹਾ ਗਿਆ ਹੈ। (ਜੇ ਯਿਸੂ ਦੇ ਕਬਰ ਵਿੱਚੋਂ ਜੀ ਉੱਠਣ ਨੂੰ ਮੁਰਦਿਆਂ ਵਿੱਚੋਂ ਜਨਮ ਕਿਹਾ ਗਿਆ ਹੈ, ਤਾਂ ਇਹ ਸਮਝਣਾ ਅਸਾਨ ਹੈ ਕਿ ਬਪਤਿਸਮੇ ਦੇ ਪਾਣੀ 'ਚੋਂ ਜੀ ਉੱਠਣ ਨੂੰ ਪਾਣੀ ਤੋਂ ਪੈਦਾ ਹੋਣਾ ਆਖਿਆ ਜਾ ਸਕਦਾ ਹੈ।)

ਇੱਥੇ ਇਹ ਧਿਆਨ ਦੇਣ ਵਾਲੀ ਗੱਲ ਹੈ ਕਿ ਇਨ੍ਹਾਂ ਤਿੰਨਾਂ ਜਨਮਾਂ ਤੋਂ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਦਾ ਪਤਾ ਲਗਦਾ ਹੈ। ਅਲੌਕਿਕ ਜਨਮ ਵਿਨਾਸ਼ ਦੇ ਬੰਧਨ 'ਚੋਂ ਦੇਹ ਦਾ ਛੁਟਕਾਰਾ ਹੈ। ਇਹ ਕਬਰ ਦੀ ਹਨ੍ਹੇਰੀ ਕੈਦ 'ਚੋਂ ਜਨਮ ਹੈ। ਇਸ ਜਨਮ ਵਿੱਚੋਂ ਇਕ ਅਵਿਨਾਸ਼ੀ ਅਤੇ ਜਲਾਲੀ ਦੇਹ ਬਾਹਰ ਆਉਂਦੀ ਹੈ।